ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਵਿਦੇਸ਼ਾ ਵਿੱਚ ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ, ਪੰਜਾਬੀ ਸਾਹਿਤ ਦੀ ਫਿਕਰਮੰਦੀ

ਪੰਜਾਬ ਵਿੱਚ ਚੱਲ ਰਹੀਆਂ ਕਈ ਸੰਸਥਾਵਾ ਵੱਲੋਂ ਵਿਸਰ ਰਹੀ ਪੰਜਾਬੀ ਬੋਲੀ, ਪੰਜਾਬੀ ਭਾਸ਼ਾ ਦੀ ਬਹੁਤ ਚਿੰਤਾ ਪ੍ਰਗਟਾਈ ਜਾ ਰਿਹਾ ਹੈ ਪਰ ਵਿਦੇਸ਼ ਪਹੁੰਚ ਕੇ ਪਤਾ ਲੱਗਾ ਕਿ ਸਾਡੀ ਬੋਲੀ, ਸਾਡੀ ਭਾਸ਼ਾ ਤਾਂ ਕਿੰਨੀ ਪ੍ਰਫੁਲਤ ਹੋ ਗਈ ਹੈ। ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਆਮ ਬੋਲੀ ਜਾ ਰਹੀਂ ਹੈ। ਚਾਹੇ ਵਿਦੇਸ਼ਾ ਵਿੱਚ ਸਰਕਾਰ ਵੱਲੋਂ ਇਹ ਭਾਸ਼ਾ ਲਾਗੂ ਨਹੀਂ ਪਰ ਹੋਰ ਤਕਰੀਬਨ ਹਰ ਜਗ੍ਹਾ ਤੇ ਪੰਜਾਬੀ ਚੱਲਦੀ ਹੈ। ਅੰਗਰੇਜ਼ੀ ਅੰਤਰ-ਰਾਸ਼ਟਰੀ ਭਾਸ਼ਾ ਹੈ ਇਸ ਲਈ ਅੰਗਰੇਜ਼ੀ ਭਾਸ਼ਾ ਦਾ ਥੋੜ੍ਹਾ ਬਹੁਤਾ ਗਿਆਨ ਹੋਣਾ ਤਾਂ ਸਾਡੇ ਲਈ ਜ਼ਰੂਰੀ ਵੀ ਹੈ।

ਕੈਨੇਡਾ ਦੇ ਟੂਰ ਦੌਰਾਨ ਮੈਨੂੰ ਪਤਾ ਲੱਗਾ ਕਿ ਪੰਜਾਬੀਆ ਨੇ ਵਿਦੇਸ਼ਾ ਵਿੱਚ ਆ ਕੇ ਜੋ ਮੱਲਾ ਮਾਰੀਆਂ ਹਨ ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹਨ। ਜਦ ਲੰਡਨ ਪਹੁੰਚਿਆਂ ਤਾਂ... ਸਕਿਉਰਟੀ ਚੈਕਿੰਗ ਲਈ ਇੱਕ ਸਿੱਖ ਮੁੰਡਾ ਚੈਕਿੰਗ ਅਫਸਰ ਸੀ ਜਿਸ ਦੇ ਗੋਲ ਪੱਗ ਬੰਨੀ ਹੋਈ ਸੀ। ਉਸ ਨੂੰ ਵੇਖ ਕੇ ਬਹੁਤ ਖੁਸ਼ੀ ਹੋਈ। ਇਸ ਤਰ੍ਹਾਂ ਲੱਗਾ ਕਿ ਪੰਜਾਬੀ ਦੀ ਪ੍ਰਫੁਲਤਾ ਅਜਿਹੇ ਪੜ੍ਹੇ ਲਿਖੇ ਸਿੱਖ ਨੌਜੁਆਨਾਂ ਕਰਕੇ ਹੋਈ ਹੈ। ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਅਜਿਹੇ ਪੰਜਾਬੀਆਂ ਨੇ ਹੀ ਬਚਾਇਆਂ ਹੋਇਆ ਹੈ ਜਿਨ੍ਹਾਂ ਨੇ ਵਿਦੇਸ਼ਾ ਵਿੱਚ ਆ ਕੇ ਉਚ ਵਿਦਿਆਂ ਹਾਸਲ ਕੀਤੀ ਹੈ ਅਤੇ ਉਹ ਖਾਸ ਅਹੁੰਦਿਆਂ ਤੇ ਬਿਰਾਜਮਾਨ ਹੋਏ ਹਨ ਅਤੇ ਉਹਨਾ ਨੇ ਆਪਣੀ ਭਾਸ਼ਾ ਤੇ ਆਪਣੇ ਪਹਿਰਾਵੇ ਨੂੰ ਬਰਕਰਾਰ ਰੱਖਿਆ ਹੋਇਆ ਹੈ। ਸੋ ਮੈਂ ਜਲਦੀ ਨਾਲ ਉਸ ਦੇ ਕਾਉਟਰ ਵੱਲ ਵਧਿਆ। ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ ਉਸ ਨੇ ਵੀ ਸਤਿ ਸ੍ਰੀ ਅਕਾਲ ਵਿੱਚ ਜਵਾਬ ਦਿੱਤਾ ਤੇ ਮੈਂ ਵੇਖਿਆ ਕਿ ਹਰੇਕ ਪੰਜਾਬੀ ਵਿਅਕਤੀ ਨਾਲ ਪੰਜਾਬੀ ਭਾਸ਼ਾ ਵਿੱਚ ਗੱਲ ਕਰ ਰਿਹਾ ਸੀ। ਉਸ ਦੇ ਬੋਲਣ ਦੇ ਅੰਦਾਜ ਤੋਂ ਤਾਂ ਪਤਾ ਲੱਗ ਰਿਹਾ ਸੀ ਕਿ ਉਹ ਵਿਦੇਸ਼ੀ ਜਮ-ਪਲ ਹੈ ਪਰ ਉਸ ਨੇ ਆਪਣੀ ਮਾਂ ਬੋਲੀ ਨੂੰ ਸੰਭਾਲਿਆ ਹੋਇਆ ਸੀ।

ਜਦ ਮੈਂ ਟੋਰਾਂਟੋ ਦੇ ਬਾਜ਼ਾਰਾਂ ਵਿੱਚ ਵਿਚਰਿਆਂ ਤਾਂ ਪਤਾ ਲੱਗਾ ਕਿ ਇਥੇ ਆਮ ਹੀ ਪੰਜਾਬੀ ਚੱਲਦੀ ਹੈ। ਅੰਗਰੇਜ਼ੀ ਤੋਂ ਬਾਅਦ ਪੰਜਾਬੀ ਹੀ ਹੈ ਜੋ ਜ਼ਿਆਦਾ ਬੋਲੀ ਜਾਂਦੀ ਹੈ। ਕਈ ਅੰਗਰੇਜ਼ ਤੇ ਹੋਰ ਕੈਟਾਗਰੀਆਂ ਦੇ ਲੋਕ ਵੀ ਥੋੜ੍ਹੀ ਬਹੁਤੀ ਪੰਜਾਬੀ ਬੋਲਣ ਲੱਗ ਪਏ ਹਨ। ਕਈ ਗੋਰੇ ਸਤਿ ਸ੍ਰੀ ਅਕਾਲ ਕਹਿ ਕੇ ਵੀ ਬੁਲਾਉਂਦੇ ਹਨ। ਵਿਦੇਸ਼ਾ ਵਿੱਚ ਪੰਜਾਬੀ ਦੀ ਚੜ੍ਹਦੀ ਕਲਾ ਹੈ। ਵਿਦੇਸਾ ਵਿੱਚ ਪੰਜਾਬੀ ਭਾਸ਼ਾ ਦੀ ਇਨੀ ਪ੍ਰਫੁੱਲਤਾ ਹੋ ਰਹੀ ਕਿ ਵੈਨਕੂਵਰ (ਕੈਨੇਡਾ) ਦੇ ਕਈ ਬਾਜ਼ਾਰਾਂ ਵਿੱਚ ਤਾਂ ਸਾਈਨ ਬੋਰਡ ਵੀ ਪੰਜਾਬੀ ਵਿੱਚ ਲੱਗ ਚੁੱਕੇ ਹਨ।

ਫਿਰ ਆਪਾਂ ਕਿਵੇ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਨੂੰ ਖਤਰਾ ਹੈ। ਪੰਜਾਬ ਵਿੱਚ ਤਾਂ ਪੰਜਾਬੀ ਭਾਸ਼ਾ ਨੂੰ ਖਤਰਾ ਹੋ ਸਕਦਾ ਹੈ ਕਿਉਂਕਿ ਪੰਜਾਬ ਦੇ ਪੰਜਾਬੀ ਲੋਕ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਮਾਡਲ ਸਕੂਲਾਂ ਵਿੱਚ ਹੀ ਲਗਾ ਰਹੇ ਹਨ। ਬਹੁਤੇ ਅਜਿਹੇ ਮਾਡਲ ਸਕੂਲ ਹਨ ਜਿਥੇਂ ਪੰਜਾਬੀ ਬੋਲਣ ਦੀ ਵੀ ਮਨਾਹੀ ਹੈ। ਉਹ ਬੱਚੇ ਕਿੱਦਾ ਪੰਜਾਬੀ ਸਿੱਖਣਗੇ। ਇਸ ਲਈ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਵਿਦੇਸ਼ਾ ਵਿੱਚ ਨਹੀਂ ਪੰਜਾਬ ਵਿੱਚ ਖਤਰਾ ਹੈ।

ਪੰਜਾਬੀ ਭਾਸ਼ਾ ਤਾਂ ਨਹੀਂ ਵਿਦੇਸ਼ਾ ਵਿੱਚ ਪੰਜਾਬੀ ਸਾਹਿਤ ਦੇ ਪਾਠਕ ਜ਼ਰੂਰ ਘੱਟ ਰਹੇ ਹਨ। ਇਹ ਜਰੂਰ ਚਿੰਤਾ ਦਾ ਵਿਸ਼ਾ ਹੈ। ਵਿਦੇਸ਼ਾ ਵਿੱਚ ਪੰਜਾਬੀ ਪਾਠਕ ਸਿਰਫ ਬਜ਼ੁਰਗ (ਸੀਨੀਅਰ ਸਿਟੀਜਨ) ਹੀ ਹਨ। 25 ਤੋਂ 50 ਸਾਲ ਦੇ ਜਿਨ੍ਹੇ ਵੀ ਪੰਜਾਬੀ ਵਿਦੇਸ਼ਾ ਵਿੱਚ ਹਨ ਉਨ੍ਹਾਂ ਦੀ ਆਪਣੀ ਨੌਕਰੀ ਅਤੇ ਉਨ੍ਹਾਂ ਦੇ ਆਪਣੇ ਕੰਮ-ਕਾਰ ਜ਼ਰੂਰੀ ਹਨ ਇਸ ਲਈ ਉਹਨਾਂ ਦੇ ਕੋਲ ਸਾਹਿਤ ਪੜ੍ਹਨ ਲਿਖਣ ਦਾ ਸਮਾਂ ਹੀ ਨਹੀਂ ਹੈ। ਇਸ ਉਮਰ ਵਿਚਲੇ ਬਹੁਤ ਸਾਰੇ ਪੰਜਾਬੀ ਦੇ ਪਾਠਕ ਅਤੇ ਲੇਖਕ ਹਨ ਪਰ ਉਹ ਮਜਬੂਰੀ ਵੱਸ ਸਾਹਿਤ ਨਾਲੋਂ ਟੁੱਟ ਰਹੇ ਹਨ।

ਉਹਨਾਂ ਦੇ ਬੱਚੇ ਘਰਾਂ ਦੇ ਮਾਹੌਲ ਮੁਤਾਬਕ ਪੰਜਾਬੀ ਭਾਸ਼ਾ ਦਾ ਤਾਂ ਗਿਆਨ ਰੱਖਦੇ ਹਨ ਪਰ ਸਕੂਲੀ ਪੜ੍ਹਾਈ ਵਿੱਚ ਪੰਜਾਬੀ ਨਾ ਹੋਣ ਕਾਰਨ ਉਹ ਪੰਜਾਬੀ ਸਾਹਿਤ ਨਾਲ ਬਿਲਕੁਲ ਵੀਂ ਨਹੀਂ ਜੁੜ ਸਕਣਗੇ। ਕਈ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਪੰਜਾਬੀ ਕਮਿਊਨਿਟੀ ਦੇ ਸਕੂਲਾਂ ਵਿਚ ਜਾਂ ਗੁਰਦੁਆਰਿਆਂ ਵਿਚ ਪੰਜਾਬੀ ਪੜ੍ਹਾਈ ਕਰਵਾਉਣੀ ਜਾਰੀ ਰੱਖੀ ਹੋਈ ਹੈ ਪਰ ਇਥੋਂ ਦੀ ਬਿਜੀ ਲਾਈਫ ਵਿੱਚ ਮਾਪੇ ਵੀ ਇਨ੍ਹਾ ਧਿਆਨ ਨਹੀਂ ਦੇ ਸਕਦੇ ਕਿ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਲਿਖਣੀ ਪੜ੍ਹਨੀ ਸਿਖਾਉਣ ਤੇ ਨਾਲ-ਨਾਲ ਸਾਹਿਤ ਨਾਲ ਵੀ ਜੋੜ ਸਕਣ। ਵੈਸੇ ਵੀ ਬਦਲਦੇ ਜਮਾਨੇ ਅਨੁਸਾਰ ਬੱਚਿਆਂ ਵਿੱਚ ਪੜ੍ਹਨ ਦੀ ਰੁਚੀ ਦਿਨੋ-ਦਿਨ ਘੱਟ ਰਹੀ ਹੈ। ਪੰਜਾਬ ਵਿੱਚ ਵੀ ਬੱਚੇ ਦਿਲਚਸਪ ਕਿਤਾਬਾਂ ਪੜ੍ਹਨ ਦੀ ਬਜਾਏ ਫੋਨ, ਟੈਬਲਟ ਤੇ ਲੇਪਟੋਪ ਦੇ ਜ਼ਿਆਦਾ ਸਮਾਂ ਗੁਜਾਰਦੇ ਹਨ। ਬਾਕੀ ਅੱਜ ਦੇ ਸ਼ੋਸ਼ਲ ਮੀਡੀਏ ਫੇਸਬੁੱਕ ਅਤੇ ਵਟਸਐਪ ਨੇ ਪੰਜਾਬੀ ਪਾਠਕਾਂ ਦਾ ਨਜ਼ਰੀਆਂ ਬਦਲ ਕੇ ਰੱਖ ਦਿੱਤਾ। ਪੰਜਾਬੀ ਪਾਠਕ ਨੈਟ ਰਾਹੀ ਆਪਣੇ ਵਿਚਾਰਾ ਦਾ ਅਦਾਨ ਪ੍ਰਦਾਨ ਕਰ ਰਹੇ ਹਨ ਇਸ ਲਈ ਉਹ ਪੰਜਾਬੀ ਅਖਬਾਰ ਜਾ ਮੈਗਜ਼ੀਨ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ। ਪੰਜਾਬੀ ਸਾਹਿਤ ਪੜ੍ਹਨ ਵਾਲੇ ਵੀ ਆਨਲਾਈਨ ਅਖਬਾਰ ਹੀ ਪੜ੍ਹ ਕੇ ਰਾਜੀ ਹਨ।

ਪੰਜਾਬੀ ਭਾਸ਼ਾ ਦੀ ਬਜਾਏ ਪੰਜਾਬੀ ਸਾਹਿਤ ਦੇ ਵਿਸਥਾਰ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 6 | Issue Date 1-9-2016

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisior : Advocate Nasib Bawa
Chief Advisor : Jasvir Singh Lohara
Religion Editor : Sadhu Singh Dhamu
Sub-Editor : Iqbal Khosa, Kulwinder Tarewala




Indian Office
The Mehak Watan Di Live
Defance Colony, Amritsar Road,
Moga - 142 001 (Pb.)
Help Line : 9988 92 9988
E-mail :
chief_editor@mehakwatandilive.com

Canada Office
Mehak Watan Di Media Group
2250, Bovaird Drive East # 502
Brampton (Ontario) L6R 0W3
Help Line : 647 960 0200
E-mail :
editor_canada@mehakwatandilive.com

www.mehakwatandilive.com

## ਕਾਮਯਾਬੀ ਦੀ ਦੂਜੀ ਨਵੀਂ ਵੱਡੀ ਪੁਲਾਂਘ 'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ



ਮਹਿਕ ਵਤਨ ਦੀ ਲਾਈਵ ਮੈਗਜ਼ੀਨ ਦੇ ਸੋਲਵੇਂ ਵਰ੍ਹੇ ਵਿੱਚ ਪੈਰ ਧਰਨ ਅਤੇ ਭਰ ਜਵਾਨੀ ਵਿੱਚ ਪਹੁੰਚਣ ਤੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ ਤੇ ਉਹਨਾਂ ਦੀ ਸਮੁੱਚੀ ਟੀਮ ਅੱਗੇ ਸਿਰ ਝੁਕਦਾ ਹੈ।

ਹੁਣ ਸਮੁੱਚੀ ਟੀਮ ਨੇ ਕਾਮਯਾਬੀ ਦੀ ਦੂਜੀ ਨਵੀਂ ਵੱਡੀ ਪੁਲਾਂਘ ਇਸ ਨੂੰ ਕੈਨੇਡਾ ਵਿੱਚ ਸ਼ੁਰੂ ਕਰ ਕੇ ਪੁੱਟੀ ਹੈ। ਪਹਿਲੇ ਹਫਤੇ ਵਿੱਚ ਹੀ ਪਾਠਕਾਂ ਦੇ ਭਰਪੂਰ ਫੋਨ ਆਉਣੇ ਅਤੇ ਇਸ ਨੂੰ ਮਿਆਰੀ ਪੱਖੋ ਵਧੀਆਂ ਮੈਗਜ਼ੀਨ ਦੱਸਣ ਤੇ ਇਸ ਨੇ ਸਾਡੇ ਉਤਸ਼ਾਹ ਨੂੰ ਹੋਰ ਦੁਗਣਾ ਕਰ ਦਿੱਤਾ ਹੈ। ਵੱਖ-ਵੱਖ ਬੁਧੀਜੀਵੀਆਂ ਤੇ ਲੇਖਕਾਂ ਵੱਲੋਂ ਇਸ ਦੀ ਪੜਚੋਲ ਤੋਂ ਬਾਅਦ ਕੀਤੀ ਸਾਰਥਕ ਸਮੀਖਿਆਂ ਸਾਨੂੰ ਹੋਰ ਵੀ ਚੇਤੰਨ ਕਰਦੀ ਹੈ ਕਿ ਸਾਡੀਆਂ ਸਮਾਜ ਅਤੇ ਪੰਜਾਬੀਅਤ ਪ੍ਰਤੀ ਹੋਰ ਕੀ ਜ਼ਿੰਮੇਵਾਰੀਆਂ ਹਨ। ਪੰਜਾਬੀ ਭਾਸ਼ਾ, ਸੱਭਿਆਚਾਰ, ਧਰਮ ਅਤੇ ਸਾਡੇ ਰੀਤੀ ਰਿਵਾਜ਼ਾਂ ਨੂੰ ਇਸ ਸੱਤ ਸਮੁੰਦਰੋਂ ਪਾਰ ਇਸ ਧਰਤੀ ਤੇ ਸਾਡੇ ਪੰਜਾਬੀ ਲੋਕਾਂ ਦੀ ਰੂਹ ਦੀ ਖੁਰਾਕ ਨੂੰ ਜਿਉਂਦੇ ਰੱਖਣ ਵਾਸਤੇ ਪੁਟਿਆਂ ਇਹ ਕਦਮ ਇੱਕ ਦਿਨ ਜ਼ਰੂਰ ਕਾਮਯਾਬ ਹੋਵੇਗਾ।

ਅੰਤ ਵਿੱਚ ਮੈਂ ਸਾਰੇ ਉਹਨਾਂ ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾ ਨੇ ਇਸ ਮੈਗਜ਼ੀਨ ਨੂੰ ਇਥੇ ਕੈਨੇਡਾ ਵਿੱਚ ਸ਼ੁਰੂ ਕਰਨ ਲਈ ਸਿਰਤੋੜ ਯਤਨ ਕੀਤੇ ਅਤੇ ਭਵਨਦੀਪ ਸਿੰਘ ਪੁਰਬਾ ਜਿਨ੍ਹਾਂ ਨੇ ਵਿਸ਼ੇਸ਼ ਸੱਦੇ ਤੇ ਪੰਜਾਬ ਤੋਂ ਇਥੇ ਆ ਕੇ ਇਸ ਨੂੰ ਜਾਰੀ ਕੀਤਾ ਅਤੇ ਇਹ ਜ਼ਿੰਮੇਵਾਰੀ ਦੇ ਕੇ ਮੇਰਾ ਅਤੇ ਕੈਨੇਡਾ ਵਾਸੀਆਂ ਦਾ ਮਾਣ ਵਧਾਇਆ।

ਭਜਨ ਸਿੰਘ ਬਾਂਹਬਾ
ਐਡੀਟਰ : ਕੈਨੇਡਾ ਐਡੀਸ਼ਨ

**'ਮਹਿਕ ਵਤਨ ਦੀ ਲਾਈਵ'** ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰਫ਼ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-64/000066/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। **- ਸੰਪਾਦਕ**

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।